ਅਗਲੇ ਹਫਤੇ ਦਸੰਬਰ ਸ਼ੁਰੂ ਹੋ ਰਿਹਾ ਹੈ ਅਤੇ ਸਿਆਲ ਦੀਆਂ ਛੁੱਟੀਆਂ (ਵਿੰਟਰ ਬ੍ਰੇਕ) ਤੋਂ ਪਹਿਲਾਂ ਮੈਂ ਉਨ੍ਹਾਂ ਚੀਜ਼ਾਂ 'ਤੇ ਜੋਰ ਦੇਣਾ ਚਾਹੁੰਦਾ ਹਾਂ ਜੋ ਅਸੀਂ ਆਪਣੇ ਸਕੂਲਾਂ ਨੂੰ ਖੁੱਲ੍ਹੇ ਅਤੇ ਸੁਰਿੱਖਅਤ ਰੱਖਣ ਲਈ ਕਰ ਰਹੇ ਹਾਂ। ਕੇਸਾਂ ਦੀ ਤੇਜ਼ੀ ਨਾਲ ਵੱਧ ਰਹੀ ਗਿਣਤੀ ਬਾਰੇ ਅਸੀਂ ਸਾਰੇ ਫਿਕਰਮੰਦ ਹਾਂ ਅਤੇ ਅਸੀਂ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਆਪਣੇ ਸਕੂਲਾਂ ਦਾ ਬਚਾਅ ਕਰਨ ਲਈ ਅਤੇ ਆਪਣੀ ਕਮਿਊਨਿਟੀ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਸਾਰੇ ਮਿਲ ਕੇ ਕੰਮ ਕਰ ਰਹੇ ਹੋਈਏ। ਇਸ ਹਫਤੇ ਮੇਰਾ ਸੁਨੇਹਾ ਉਨ੍ਹਾਂ ਗੱਲਾਂ ਬਾਰੇ ਹੈ ਜਿਹੜੀਆਂ ਅਸੀਂ ਮਾਪਿਆਂ ਅਤੇ ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਨੂੰ ਕਰਨ ਲਈ ਕਹਿ ਰਹੇ ਹਾਂ।

ਮਾਪਿਓ:

* ਆਪਣੇ ਬੱਚੇ ਨਾਲ ਸਕੂਲ ਵਿੱਚ ਸੁਰੱਖਿਆ ਅਤੇ ਜਿਸਮਾਨੀ ਸੰਪਰਕ ਘੱਟ ਕਰਨ ਅਤੇ ਜਿੱਥੇ ਵੀ ਸੰਭਵ ਹੋਵੇ ਉੱਥੇ ਇਕ ਦੂਸਰੇ ਤੋਂ ਦੂਰ ਰਹਿਣ ਬਾਰੇ ਗੱਲ ਕਰੋ
* ਜਦੋਂ ਤੁਸੀਂ ਆਪਣੇ ਛੋਟੇ ਬੱਚੇ ਨੂੰ ਸਕੂਲ ਵਿੱਚ ਲੈ ਕੇ ਆਉ, ਤਾਂ ਕਿਰਪਾ ਕਰਕੇ ਮਾਸਕ ਪਹਿਨੋ
* ਹਰ ਰੋਜ਼ ਆਪਣੇ ਬੱਚੇ 'ਤੇ ਲੱਛਣਾਂ ਲਈ ਨਿਗਰਾਨੀ ਰੱਖੋ
* ਸਿਹਤ ਬਾਰੇ ਹੁਕਮਾਂ ਦੀ ਪਾਲਣਾ ਕਰੋ - ਬਦਕਿਸਮਤੀ ਨਾਲ ਸਾਨੂੰ ਦੂਜੇ ਬੱਚਿਆਂ ਨਾਲ ਮਿਲ ਕੇ ਖੇਡਣ ਅਤੇ ਆਪਣੇ ਘਰ ਤੋਂ ਬਾਹਰਲੇ ਬੱਚਿਆਂ ਨਾਲ ਇਕ ਹੀ ਕਾਰ ਵਿੱਚ ਸਫਰ ਕਰਨ (ਕਾਰਪੂਲਿੰਗ) ਵਰਗੀਆਂ ਚੀਜ਼ਾਂ 'ਤੇ ਰੋਕ ਲਾਉਣ ਦੀ ਲੋੜ ਹੈ।

ਸੈਕੰਡਰੀ ਪੱਧਰ ਦੇ ਵਿਦਿਆਰਥੀਓ:

* ਤੁਹਾਡੇ ਵਿੱਚੋਂ ਸਿਰਫ ਅੱਧੇ (1/2) ਰੋਜ਼ਾਨਾ ਆਪਣੀ ਸਿਹਤ ਚੈੱਕ (ਹੈਲਥ ਚੈੱਕਸ) ਕਰ ਰਹੇ ਹਨ ਅਤੇ ਤੁਹਾਡੇ ਵਿੱਚੋਂ ਇਕ ਤਿਹਾਈ (1/3) ਨੇ ਦੱਸਿਆ ਹੈ ਕਿ ਉਹ ਕਦੇ ਕਦੇ ਹੀ ਆਪਣੀ ਸਿਹਤ ਚੈੱਕ ਕਰਦੇ ਹਨ ਜਾਂ ਕਦੇ ਵੀ ਨਹੀਂ ਕਰਦੇ- ਕਿਰਪਾ ਕਰਕੇ ਇਹ ਕਰੋ। ਇਹ ਸਾਡੇ ਸਾਰਿਆਂ ਲਈ ਮਹੱਤਵਪੂਰਨ ਹੈ।
* ਕਿਰਪਾ ਕਰਕੇ ਹਾਲਾਂ ਵਿੱਚ ਇਕ ਦੂਸਰੇ ਤੋਂ ਜਿਸਮਾਨੀ ਦੂਰੀ ਰੱਖੋ - ਸਾਨੂੰ ਪਤਾ ਹੈ ਕਿ ਇਹ ਇਕ ਚੁਣੌਤੀ ਹੈ। ਤੁਹਾਡੇ ਵਿੱਚੋਂ ਇਕ ਤਿਹਾਈ (1/3) ਨੇ ਦੱਸਿਆ ਹੈ ਕਿ ਵਿਦਿਆਰਥੀ ਆਪਣੇ ਸਮੂਹ ਤੋਂ ਬਾਹਰ ਹੋਣ ਸਮੇਂ ਕਦੇ ਵੀ ਜਿਸਮਾਨੀ ਦੂਰੀ ਰੱਖਣ ਦੀ ਪਾਲਣਾ ਨਹੀਂ ਕਰਦੇ। ਇਸ ਵਿੱਚ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।
* ਤੁਹਾਡਾ ਧੰਨਵਾਦ! ਸਾਡੇ ਵੱਲੋਂ ਗ੍ਰੇਡ 10-12 ਦੇ ਵਿਦਿਆਰਥੀਆਂ ਦੇ ਕੀਤੇ ਸਰਵੇ ਵਿੱਚ 99.8% ਵਿਦਿਆਰਥੀਆਂ ਨੇ ਦੱਸਿਆ ਹੈ ਕਿ ਉਹ ਸਕੂਲ ਵਿੱਚ ਹੁੰਦੇ ਹੋਏ ਜਾਂ ਤਾਂ ਸਾਰੇ ਸਮੇਂ ਲਈ ਜਾਂ ਬਹੁਤੇ ਸਮੇਂ ਲਈ ਮਾਸਕ ਪਹਿਨਦੇ ਹਨ। ਕਿਰਪਾ ਕਰਕੇ ਤੁਸੀਂ ਜਦੋਂ ਵੀ ਕਲਾਸ ਤੋਂ ਬਾਹਰ ਜਾਉ- ਉਦੋਂ ਮਾਸਕ ਪਾਉ।

ਇਸ ਹਫਤੇ ਮੈਂ ਇਹ ਸੁਨੇਹਾ ਖਾਸ ਕਰਕੇ ਮਾਪਿਆਂ ਅਤੇ ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਨੂੰ ਭੇਜ ਰਿਹਾ ਹਾਂ। ਹਰ ਰੋਜ਼ ਸਾਡਾ ਜ਼ਿਲ੍ਹਾ, ਸਾਡੇ ਸਕੂਲ ਅਤੇ ਸਾਡੇ ਸਟਾਫ ਦੇ ਮੈਂਬਰ ਬਹੁਤ ਕੁੱਝ ਕਰ ਰਹੇ ਹਨ। ਉਹ ਆਪਣੀ ਸਿਹਤ ਚੈੱਕ ਕਰ ਰਹੇ ਹਨ, ਉਹ ਨਿਯਮਾਂ ਦੀ ਪਾਲਣਾ ਕਰ ਰਹੇ ਹਨ, ਉਹ ਆਪਣੇ ਕਲਾਸਰੂਮਾਂ ਦਾ ਪ੍ਰਬੰਧ ਇਸ ਤਰ੍ਹਾਂ ਕਰ ਰਹੇ ਹਨ ਕਿ ਵਿਦਿਆਰਥੀ ਆਹਮੋ ਸਾਹਮਣੇ ਨਾ ਹੋਣ, ਅਤੇ ਉਹ ਸਕੂਲਾਂ ਵਿੱਚ ਆਹਮੋ ਸਾਹਮਣੇ ਦੀਆਂ ਮੀਟਿੰਗਾਂ ਅਤੇ ਗੈਰ-ਰਸਮੀ ਸਮਿਆਂ ਦੀਆਂ ਮਿਲਣੀਆਂ 'ਤੇ ਕੱਟ ਲਾ ਰਹੇ ਹਨ। ਸਾਡੇ ਸਟਾਫ ਦੇ ਸਾਰੇ ਮੈਂਬਰ ਤਬਦੀਲੀਆਂ ਕਰ ਰਹੇ ਹਨ ਅਤੇ ਅਸੀਂ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਅਸੀਂ ਸਾਰੇ ਇਸ ਸਮੱਸਿਆ ਦਾ ਹਿੱਸਾ ਹਾਂ।

ਇਹ ਸੱਚ ਹੈ ਕਿ ਕੋਵਿਡ ਵੱਧ ਰਿਹਾ ਹੈ। ਸਾਡੇ ਕੇਸਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਅਸੀਂ ਸਾਰੇ ਜਾਣਦੇ ਹਾਂ ਸਰੀ ਖਾਸ ਤੌਰ 'ਤੇ ਇਕ ਹਾਟ ਸਪਾਟ (ਜ਼ਿਆਦਾ ਕੇਸਾਂ ਦਾ ਕੇਂਦਰ) ਹੈ। ਇਕ ਤਾਜ਼ੇ ਅਧਿਐਨ ਨੇ ਦਰਸਾਇਆ ਹੈ ਕਿ ਸਰੀ ਵਿੱਚ ਸਾਡੇ ਭਾਈਚਾਰੇ ਵਿੱਚ ਕੋਵਿਡ ਦੇ 4000 ਤੋਂ ਵੱਧ ਸਰਗਰਮ ਕੇਸ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਇਸ ਦਾ ਅਰਥ ਹੈ ਕਿ ਕੋਵਿਡ ਸਾਡੇ ਸਕੂਲਾਂ ਅਤੇ ਕੰਮ ਦੀਆਂ ਥਾਂਵਾਂ ਵਿੱਚ ਹੋਵੇਗਾ। ਮੇਰੀ ਕੰਮ ਵਾਲੀ ਥਾਂ 'ਤੇ ਇਸ ਸਾਲ ਹੁਣ ਤੱਕ ਤਿੰਨ ਨੋਟਿਸ ਆਫ ਐਕਸਪੋਜ਼ਰਜ (ਵਾਇਰਸ ਨਾਲ ਸੰਪਰਕ ਹੋਣ ਦੇ ਨੋਟਿਸ) ਦਿੱਤੇ ਗਏ ਹਨ। ਕੋਈ ਵੀ ਥਾਂ ਇਸ ਤੋਂ ਬਚੀ ਹੋਈ ਨਹੀਂ ਹੈ।

ਇਸ ਤਰੀਕ ਤੱਕ ਅਸੀਂ 220 ਨੋਟਿਸ ਆਫ ਐਕਸਪੋਜ਼ਰਜ਼ (ਵਾਇਰਸ ਨਾਲ ਸੰਪਰਕ ਹੋਣ ਦੇ ਨੋਟਿਸ) ਦਿੱਤੇ ਹਨ। ਨੋਟਿਸ ਆਫ ਐਕਸਪੋਜ਼ਰ ਦਾ ਮਤਲਬ ਹੈ ਕਿ ਕੋਵਿਡ ਦੀ ਇਨਫੈਕਸ਼ਨ ਵਾਲਾ ਕੋਈ ਵਿਅਕਤੀ ਸਕੂਲ ਵਿੱਚ ਸੀ। ਇਹਨਾਂ 220 ਨੋਟਿਸਾਂ ਵਿੱਚੋਂ 4 ਕੇਸਾਂ ਵਿੱਚ ਪੂਰੀਆਂ ਦੀਆਂ ਪੂਰੀਆਂ ਕਲਾਸਾਂ ਨੂੰ ਇਕਾਂਤ-ਵਾਸ ਵਿੱਚ ਜਾਣਾ ਪਿਆ ਸੀ। ਹਾਂ, ਵਾਇਰਸ ਫੈਲਿਆ ਹੈ। ਇਸ ਤਰ੍ਹਾਂ ਵਾਪਰਿਆ ਹੈ, ਪਰ ਇਹ 200 ਨੋਟਿਸਾਂ ਵਿੱਚੋਂ 5 ਤੋਂ ਘੱਟ ਵਾਰੀ ਵਾਪਰਿਆ ਹੈ। ਵਾਇਰਸ ਫੈਲਣ ਦੇ ਇਹ ਕੇਸ ਸਾਰੇ ਸਕੂਲ ਵਿੱਚ ਇਕੱਲੇ ਇਕੱਲੇ ਕਲਾਸਰੂਮਾਂ ਨਾਲ ਸੰਬੰਧਤ ਸਨ। ਸਾਡੇ ਕੋਲ ਹਰ ਰੋਜ਼ 3000 ਤੋਂ ਵੱਧ ਕਲਾਸਾਂ ਲਗਦੀਆਂ ਹਨ। ਸਾਡੇ ਭਾਈਚਾਰੇ ਵਿੱਚ 4000 ਤੋਂ ਵੱਧ ਸਰਗਰਮ ਕੇਸ ਹੋਣ ਦੇ ਬਾਵਜੂਦ, ਸਾਡੇ 50 ਤੋਂ ਵੱਧ ਸਕੂਲਾਂ ਵਿੱਚ ਕਦੇ ਵੀ ਨੋਟਿਸ ਆਫ ਐਕਸਪੋਜ਼ਰ (ਵਾਇਰਸ ਨਾਲ ਸੰਪਰਕ ਹੋਣ ਦਾ ਨੋਟਿਸ) ਨਹੀਂ ਦਿੱਤਾ ਗਿਆ।

ਭਾਵੇਂ ਕਿ ਖਤਰਾ ਘੱਟ ਹੈ, ਫਿਰ ਵੀ ਖਤਰਾ ਹੈ ਅਤੇ ਇਹ ਬਹੁਤ ਗੰਭੀਰ ਹੈ। ਪਿਛਲੇ ਹਫਤੇ ਕੈਂਬਰਿਜ ਐਲੀਮੈਂਟਰੀ ਵਿਖੇ ਆਊਟਬ੍ਰੇਕ ਹੋਈ ਸੀ। ਇਸ ਦਾ ਮਤਲਬ ਹੈ ਕਿ ਸਕੂਲ 2 ਹਫਤਿਆਂ ਲਈ ਬੰਦ ਹੋ ਗਿਆ, ਸਾਰੇ ਭਾਈਚਾਰੇ ਨੂੰ ਇਕਾਂਤਵਾਸ ਵਿੱਚ ਜਾਣਾ ਪਿਆ ਅਤੇ ਇਕ ਅਧਿਆਪਕ ਹਸਪਤਾਲ ਗਈ। ਸਾਡੇ ਵਿੱਚੋਂ ਕੋਈ ਵੀ ਨਹੀਂ ਚਾਹੁੰਦਾ ਕਿ ਇਸ ਤਰ੍ਹਾਂ ਹੋਵੇ, ਅਤੇ ਅਸੀਂ ਉਹ ਸਭ ਕੁਝ ਕਰਨਾ ਜਾਰੀ ਰੱਖਾਂਗੇ ਜੋ ਕੁੱਝ ਅਸੀਂ ਆਪਣੇ ਸਕੂਲਾਂ ਅਤੇ ਸਟਾਫ ਦੇ ਮੈਂਬਰਾਂ ਦੀ ਸੁਰੱਖਿਆ ਲਈ ਕਰ ਸਕਦੇ ਹਾਂ।

ਇਸ ਹਫਤੇ ਮੈਂ ਡਰਾਈਵ ਕਰਕੇ ਡਗਲਸ ਐਲੀਮੈਂਟਰੀ ਸਕੂਲ ਵਿਖੇ ਗਿਆ, ਜਿਹੜਾ ਅੱਜ ਖੁੱਲ੍ਹ ਰਿਹਾ ਹੈ। ਸਕੂਲ ਵਿੱਚ ਉਤਸ਼ਾਹ ਨਾਲ ਭਰੇ ਹੋਏ ਸਟਾਫ ਦੇ ਮੈਂਬਰ ਸਨ ਜਿਹੜੇ ਸਕੂਲ ਖੁੱਲ੍ਹਣ ਵਾਲੇ ਦਿਨ ਬੱਚਿਆਂ ਦਾ ਸਵਾਗਤ ਕਰਨ ਲਈ ਤਿਆਰੀਆਂ ਕਰ ਰਹੇ ਸਨ। ਜਦੋਂ ਮੈਂ ਸਕੂਲ ਦੇ ਦੁਆਲੇ ਕਾਰ ਵਿੱਚ ਗਿਆ ਤਾਂ ਮੈਂ ਦੇਖਿਆ ਕਿ ਮਾਪੇ ਅਤੇ ਵਿਦਿਆਰਥੀ ਸਕੂਲ ਦੀਆਂ ਗਰਾਊਡਾਂ ਵਿੱਚ ਤੁਰ ਫਿਰ ਰਹੇ ਸਨ, ਸਕੂਲ ਨੂੰ ਦੇਖ ਰਹੇ ਸਨ ਅਤੇ ਆਖਿਰ ਨੂੰ ਭਾਈਚਾਰੇ ਵਿੱਚ ਸਕੂਲ ਖੁੱਲ੍ਹਣ ਕਾਰਨ ਚਾਅ ਵਿੱਚ ਦਿਖਾਈ ਦੇ ਰਹੇ ਸਨ। ਵੀਕ-ਇੰਡ 'ਤੇ ਮੇਰੀ ਸੈਰ ਦੌਰਾਨ ਮੈਨੂੰ ਗਰੈਂਡਪੇਰੈਂਟਸ (ਦਾਦੇ/ਦਾਦੀਆਂ-ਨਾਨੇ/ਨਾਨੀਆਂ) ਨੇ ਰੋਕਿਆ ਅਤੇ ਦੱਸਿਆ ਕਿ ਉਹਨਾਂ ਦੇ ਪੋਤੇ/ਪੋਤੀਆਂ-ਦੋਹਤੇ/ਦੋਹਤੀਆਂ ਦਾ ਸਕੂਲ ਵਿੱਚ ਹੋਣਾ ਕਿੰਨਾ ਮਹੱਤਵਪੂਰਨ ਹੈ। ਅੱਜ ਸਵੇਰੇ ਜਦੋਂ ਮੈਂ ਸਟਾਰਬੱਕਸ ਤੋਂ ਚਾਹ ਲੈਣ ਗਿਆ ਤਾਂ ਇਕ ਬਰੀਸਤਾ (ਸਰਵ ਕਰਨ ਵਾਲੇ ਵਿਅਕਤੀ) ਨੇ ਮੇਰਾ ਉਸ ਸਭ ਕੁਝ ਲਈ ਧੰਨਵਾਦ ਕੀਤਾ, ਜੋ ਸਭ ਕੁੱਝ ਅਸੀਂ ਸਕੂਲ ਖੁੱਲ੍ਹੇ ਰੱਖਣ ਲਈ ਕਰ ਰਹੇ ਹਾਂ।

ਸਕੂਲਾਂ ਦੀ ਮਹੱਤਤਾ ਹੈ, ਅਸੀਂ ਸਾਰੇ ਫਿਕਰਮੰਦ ਹਾਂ, ਅਤੇ ਇਹ ਮਹੱਤਵਪੂਰਨ ਹੈ ਕਿ ਅਸੀਂ ਸਾਰੇ ਆਪਣੇ ਸਕੂਲਾਂ ਦੀ ਸੁਰੱਖਿਆ ਲਈ ਉਹ ਸਭ ਕੁੱਝ ਕਰ ਰਹੇ ਹਾਂ, ਜੋ ਕੁੱਝ ਅਸੀਂ ਕਰ ਸਕਦੇ ਹਾਂ। ਸਕੂਲ ਵਿੱਚ ਹੋਣ ਦਾ ਮਤਲਬ ਹੈ ਦੂਸਰਿਆਂ ਨਾਲ ਖੇਡਣ ਅਤੇ ਜੁੜਨ ਦਾ ਮੌਕਾ ਮਿਲਣਾ, ਖਾਣਾ ਖਾਣ ਦਾ ਮੌਕਾ ਮਿਲਣਾ, ਉਸ ਸਮਾਜਕ ਅਤੇ ਭਾਵਾਤਮਕ ਸਮਰਥਨ ਮਿਲਣ ਦਾ ਮੌਕਾਂ ਮਿਲਣਾ ਜਿਸ ਦੀ ਸਾਡੇ ਬੱਚਿਆਂ ਨੂੰ ਲੋੜ ਹੈ, ਗ੍ਰੇਡ 12 ਤੋਂ ਬਾਅਦ ਜ਼ਿੰਦਗੀ ਦੇ ਸੁਫਨਿਆਂ ਦਾ ਪਿੱਛਾ ਕਰਨ ਦਾ ਮੌਕਾ ਮਿਲਣਾ। ਮੈਂ ਇਸ ਗੱਲ ਲਈ ਬਹੁਤ ਧੰਨਵਾਦੀ ਹਾਂ ਕਿ ਸਕੂਲ ਖੁੱਲ੍ਹੇ ਹੋਏ ਹਨ ਅਤੇ ਹਰ ਰੋਜ਼ ਅਸੀਂ ਉਸ ਸਮੇਂ ਬੱਚਿਆਂ ਦੀ ਜ਼ਿੰਦਗੀ ਵਿੱਚ ਨਾਰਮਲ ਹੋਣ ਦੀ ਭਾਵਨਾ ਭਰ ਰਹੇ ਹਾਂ ਜਦੋਂ ਉਨ੍ਹਾਂ ਦੇ ਆਲੇ ਦੁਆਲੇ ਸਭ ਕੁਝ ਉਲਟ ਪੁਲਟ ਹੋਇਆ ਹੋਇਆ ਹੈ। ਇਹ ਸੱਚ ਹੈ ਕਿ ਸਕੂਲ ਵੱਖਰੇ ਦਿਖਾਈ ਦਿੰਦੇ ਹਨ, ਪਰ ਹਰ ਰੋਜ਼ ਖਿਆਲ ਰੱਖਣ ਵਾਲੇ ਸਮਰਪਤ ਟੀਚਰ, ਸਹਾਇਕ ਸਟਾਫ ਦੇ ਮੈਂਬਰ, ਪ੍ਰਿੰਸੀਪਲ ਅਤੇ ਉੱਪ-ਪ੍ਰਿੰਸੀਪਲ ਬੱਚਿਆਂ ਦਾ ਸਵਾਗਤ ਅਤੇ ਸਮਰਥਨ ਕਰਨ ਲਈ ਉੱਥੇ ਹਾਜ਼ਰ ਹਨ। ਇਸ ਕਰਕੇ ਹੀ ਅਸੀਂ ਸਾਰੇ ਇਸ ਪੇਸ਼ੇ ਵਿੱਚ ਆਏ ਸੀ, ਇਹ ਸਾਡੀ ਜ਼ਿੰਦਗੀ ਦਾ ਕੰਮ ਹੈ।

ਜਦੋਂ ਅਸੀਂ ਸਾਰੇ ਹਰ ਰੋਜ਼ ਉਹ ਕਦਮ ਪੁੱਟ ਰਹੇ ਹਾਂ, ਜਿਹਨਾਂ ਦੇ ਪੁੱਟਣ ਦੀ ਲੋੜ ਹੈ, ਕਿਰਪਾ ਕਰਕੇ ਤੁਸੀਂ ਉਹ ਚੀਜ਼ਾਂ ਕਰਨੀਆਂ ਜਾਰੀ ਰੱਖਿਓ, ਜਿਨ੍ਹਾਂ ਦੀ ਸਾਡੇ ਸਕੂਲਾਂ ਨੂੰ ਸੁਰੱਖਿਅਤ ਅਤੇ ਖੁੱਲ੍ਹੇ ਰੱਖਣ ਲਈ ਲੋੜ ਹੈ।